# NCVT with Industry tie up (DST) ਸਕੀਮ ਬਾਰੇ ਪੁੱਛੇ ਜਾਣ ਵਾਲੇ ਸਵਾਲ

**ਸਵਾਲ:- DST ਸਕੀਮ ਕੀ ਹੈ?**

ਜਵਾਬ:- ਇਹ ਸਕੀਮ NCVT ਦੁਆਰਾ ਇੰਡਸਟਰੀ ਨਾਲ tie up ਕਰਕੇ ਚਲਾਈ ਗਈ ਹੈ, ਇਸ ਨੂੰ NCVT with Industry tie up ਸਕੀਮ ਵੀ ਕਿਹਾ ਜਾਂਦਾ ਹੈ।

**ਸਵਾਲ:- ਪਾਸਆਊਟ ਸਿਖਿਆਰਥੀਆਂ ਨੂੰ ਕਿਹੜਾ ਸਰਟੀਫਿਕੇਟ ਮਿਲੇਗਾ?**

ਜਵਾਬ:- ਪਾਸਆਊਟ ਸਿਖਿਆਰਥੀਆਂ ਨੂੰ ਭਾਰਤ ਸਰਕਾਰ ਵੱਲੋਂ ਮਾਨਤਾ ਪ੍ਰਾਪਤ NCVT ਦਾ ਸਰਟੀਫਿਕੇਟ ਹੀ ਮਿਲੇਗਾ ਜੋ ਸਰਟੀਫਿਕੇਟ ਵਿਸ਼ਵ ਪੱਧਰ ਉੱਪਰ ਮਾਨਤਾ ਪ੍ਰਾਪਤ ਹੈ।

**ਸਵਾਲ:- Industry tie up ਤੋਂ ਕੀ ਭਾਵ ਲਿਆ ਜਾ ਸਕਦਾ ਹੈ?**

ਜਵਾਬ:- NCVT ਦੀਆਂ ਹਦਾਇਤਾਂ ਅਨੁਸਾਰ ਸੰਸਥਾ ਦੁਆਰਾ industry ਨਾਲ ਇੱਕ MOU signature ਕੀਤਾ ਜਾਂਦਾ ਹੈ ਜਿਸ ਅਨੁਸਾਰ ਸਬੰਧਤ ਟਰੇਡ ਦੇ ਸਿਖਿਆਰਥੀਆਂ ਨੂੰ ਪ੍ਰੈਕਟੀਕਲ ਦੀ ਟ੍ਰੇਨਿੰਗ industry ਦੀਆ ਆਧੁਨਿਕ ਮਸ਼ੀਨਾਂ ਤੇ ਕਾਰਵਾਈ ਜਾਵੇਗੀ।

**ਸਵਾਲ:- ਇਹ ਸਕੀਮ ਆਮ NCVT ਸਕੀਮ ਤੋਂ ਬਿਹਤਰ ਕਿਉਂ ਹੈ?**

ਜਵਾਬ:- ਕਿਉਂਕਿ ਇਸ ਸਕੀਮ ਅਧੀਨ ਸਿਖਿਆਰਥੀਆਂ ਨੂੰ ਪ੍ਰੈਕਟੀਕਲ ਦੀ ਟ੍ਰੇਨਿੰਗ ਸਬੰਧਿਤ industry ਵਿੱਚ ਮੌਜੂਦ ਨਵੀਂ ਅਤੇ ਆਧੁਨਿਕ ਮਸ਼ੀਨਰੀ ਉੱਪਰ ਕਰਨ ਦਾ ਮੌਕਾ ਮਿਲੇਗਾ। ਜਿਸ ਕਾਰਨ ਪਾਸਆਊਟ ਸਿਖਿਆਰਥੀਆਂ ਨੂੰ ਕਿਸੇ ਵੀ industry ਵਿੱਚ ਜਾਬ ਲੈਣ ਵਿੱਚ ਅਸਾਨੀ ਹੋਵੇਗੀ।

**ਸਵਾਲ:- ਇਸ ਸਕੀਮ ਤਹਿਤ ਦਾਖਲ ਹੋਏ ਸਿਖਿਆਰਥੀਆਂ ਦਾ ਫਾਈਨਲ ਟਰੇਡ ਟੈਸਟ ਕਿਸ ਵੱਲੋਂ ਲਿਆ ਜਾਵੇਗਾ?**

ਜਵਾਬ:- ਫਾਈਨਲ ਟੈਸਟ ਆਈ ਟੀ ਆਈ ਵੱਲੋਂ ਹੀ ਲਿਆ ਜਾਵੇਗਾ।

**ਸਵਾਲ:- ਕੀ ਸਿਖਿਆਰਥੀਆਂ ਨੂੰ ਸਬੰਧਿਤ industry ਤੱਕ ਰੋਜ਼ਾਨਾ ਜਾਣ ਲਈ ਬਸ ਪਾਸ ਦੀ ਸਹੂਲਤ ਹੋਵੇਗੀ?**

ਜਵਾਬ:- ਸਿਖਿਆਰਥੀਆਂ ਨੂੰ ਸਬੰਧਿਤ industry ਤੱਕ ਰੋਜ਼ਾਨਾ ਜਾਣ ਲਈ ਬਸ ਪਾਸ ਦੀ ਸਹੂਲਤ ਮਿਲੇਗੀ।